**ਪੱਨਬੱਸ ਵਿੱਚ ਕੰਟਰੈਕਟ ਦੇ ਆਧਾਰ ਤੇ ਇੱਕ ਪ੍ਰੋਫੈਸ਼ਨਲ ਕਾਰਜਕਾਰੀ ਇੰਜੀਨੀਅਰ (ਸਿਵਲ) (ਰਿਟਾਇਰਡ) ਦੀ ਆਸਾਮੀ ਲਈ ਅਪਣਾਏ ਜਾਣ ਵਾਲੇ ਮਾਪਦੰਡ ਅਤੇ ਸ਼ਰਤਾਂ ਦਾ ਵੇਰਵਾ:-**

1) ਕਾਰਜਕਾਰੀ ਇੰਜੀਨੀਅਰ (ਸਿਵਲ) ਦੀ ਆਸਾਮੀ ਲਈ ਪੰਜਾਬ ਸਰਕਾਰ ਦੇ ਅਦਾਰਿਆਂ ਵਿੱਚੋਂ ਸੇਵਾ ਨਵਿਰਤ ਹੋ ਚੁੱਕੇ ਕਾਰਜਕਾਰੀ ਇੰਜੀਨੀਅਰ (ਸਿਵਲ) ਅਧਿਕਾਰੀਆਂ ਵਿੱਚੋਂ ਭਰੀ ਜਾਵੇਗੀ।

2) ਕਾਰਜਕਾਰੀ ਇੰਜੀਨੀਅਰ (ਸਿਵਲ) ਦੀ ਆਸਾਮੀ ਨਿਰੋਲ ਕੰਟਰੈਕਟ ਦੇ ਆਧਾਰ ਤੇ ਭਰੀ ਜਾਵੇਗੀ।

3) ਕਾਰਜਕਾਰੀ ਇੰਜੀਨੀਅਰ (ਸਿਵਲ) ਦੀ ਆਸਾਮੀ ਤੇ ਤਾਇਨਾਤ ਅਧਿਕਾਰੀ ਨੂੰ ਮਿਲਣ ਵਾਲੀ ਤਨਖਾਹ Last Pay Drawn (LPC)- Pension ਦਾ ਅੰਤਰ ਮਿਲਣਯੋਗ ਹੋਵੇਗੀ। ਇਸ ਤੋਂ ਇਲਾਵਾ ਹੋਰ ਕੋਈ ਭੱਤਾ ਮਿਲਣਯੋਗ ਨਹੀਂ ਹੋਵੇਗਾ।

4) ਇਸ ਆਸਾਮੀ ਲਈ ਉਮੀਦਵਾਰ ਮੈਡੀਕਲ ਤੌਰ ਤੇ ਫਿੱਟ ਹੋਣਾ ਚਾਹੀਦਾ ਹੈ।

5) ਇਸ ਆਸਾਮੀ ਦਾ ਕਾਰਜਕਾਲ ਇੱਕ ਸਾਲ ਦਾ ਹੋਵੇਗਾ ਅਤੇ ਉਮਰ ਸੀਮਾ 65 ਸਾਲ ਤੱਕ ਹੋਵੇਗੀ। ਅਪਲਾਈ ਕਰਨ ਵਾਲੇ ਅਧਿਕਾਰੀ ਦੀ ਉਮਰ 64 ਸਾਲ ਤੋਂ ਵੱਧ ਨਾ ਹੋਵੇ। ਅਧਿਕਾਰੀ ਦੇ ਕੰਮਕਾਜ ਦੀ ਸਮੀਖਿਆ ਉਪਰੰਤ ਮੈਨੇਜਿੰਗ ਡਾਇਰੈਕਟਰ, ਪੱਨਬੱਸ ਕਾਰਜਕਾਲ ਵਿੱਚ ਵਾਧਾ ਕਰਨ/ਖਤਮ ਕਰਨ ਲਈ ਅਧਿਕਾਰਤ ਹੋਣਗੇ।

6) ਇਸ ਆਸਾਮੀ ਲਈ ਉਮੀਦਵਾਰ ਵਿਰੁੱਧ ਕੋਈ ਵਿਭਾਗੀ ਜਾਂਚ/ਕੋਰਟ ਕੇਸ/ਵਿਜੀਲੈਂਸ ਕੇਸ ਜਾਂ ਫੌਜਦਾਰੀ ਚਲਦਾ ਨਾ ਹੋਵੇ। ਜੇਕਰ ਕੰਟਰੈਕਟ ਦੇ ਆਧਾਰ ਤੇ ਨਿਯੁਕਤੀ ਦੀ ਸੇਵਾ ਦੌਰਾਨ ਅਧਿਕਾਰੀ ਵਿਰੁੱਧ ਕੋਈ ਫੌਜਦਾਰੀ, ਵਿਜੀਲੈਂਸ ਇੰਨਕੁਆਰੀ, ਮੁਕੱਦਮਾ, ਕਰੱਪਸ਼ਨ ਆਦਿ ਦਾ ਕੇਸ ਸਾਹਮਣੇ ਆਉਂਦਾ ਹੈ ਤਾਂ ਅਧਿਕਾਰੀ ਦੀ ਕੰਟਰੈਕਟ ਦੇ ਆਧਾਰ ਤੇ ਕੀਤੀ ਗਈ ਨਿਯੁਕਤੀ ਬਿਨ੍ਹਾਂ ਕਿਸੇ ਨੋਟਿਸ ਦੇ ਆਧਾਰ ਤੇ ਰੱਦ ਕਰ ਦਿੱਤੀ ਜਾਵੇਗੀ ਅਤੇ ਰੂਲਾਂ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇਗੀ।

7) ਇਸ ਆਸਾਮੀ ਦੀ ਆਸਾਮੀ ਦੇ ਉਮੀਦਵਾਰ ਨੂੰ ਮਹੀਨੇ ਵਿੱਚ ਇੱਕ ਅਚਨਚੇਤ ਛੁੱਟੀ ਮਿਲੇਗੀ। ਕਲੰਡਰ ਸਾਲ ਵਿੱਚ ਕੁੱਲ 10+02 ਛੁੱਟੀਆਂ ਮਿਲਣਯੋਗ ਹੋਣਗੀਆਂ। ਇੱਕ ਸਮੇਂ ਚਾਰ ਤੋਂ ਵੱਧ ਛੁੱਟੀਆਂ ਨਹੀਂ ਲੈ ਸਕੇਗਾ। ਇਹ ਛੁੱਟੀਆਂ ਅਗਲੇ ਚਾਲੂ ਸਾਲ ਵਿੱਚ ਟਰਾਂਸਫਰ ਨਹੀਂ ਹੋਣਗੀਆਂ।

8) ਇਸ ਆਸਾਮੀ ਦੀ ਆਸਾਮੀ ਲਈ ਨਿਯੁਕਤ ਉਮੀਦਵਾਰ ਜੇਕਰ ਆਪਣੀ ਨੌਕਰੀ ਛੱਡਣਾ ਚਾਹੇਗਾ ਤਾਂ ਉਸ ਨੂੰ ਇੱਕ ਮਹੀਨੇ ਦਾ ਨੋਟਿਸ ਜਾਂ ਇੱਕ ਮਹੀਨੇ ਦੀ ਤਨਖਾਹ ਜਮ੍ਹਾ ਕਰਵਾਉਣੀ ਪਵੇਗੀ।

9) ਅਧਿਕਾਰੀ ਦੀ ਸੇਵਾਵਾਂ ਦੀ ਲੋੜ ਨਾ ਹੋਣ ਜਾਂ ਪ੍ਰਬੰਧਕੀ ਕਾਰਨਾਂ ਕਰਕੇ ਪੱਨਬੱਸ ਕੰਟਰੈਕਟ ਦੇ ਆਧਾਰ ਤੇ ਇਹ ਨਿਯੁਕਤੀ ਨੂੰ ਬਿਨ੍ਹਾ ਕਿਸੇ ਨੋਟਿਸ ਤੋਂ ਰੱਦ ਕਰ ਸਕਦੀ ਹੈ।

10) ਅਧਿਕਾਰੀ ਨੂੰ ਕਿਸੇ ਹੋਰ ਕੰਪਨੀ ਵਿੱਚ ਕੰਮ ਕਰਨ ਦੀ ਆਗਿਆ ਨਹੀਂ ਹੋਵੇਗੀ।

11) ਇਹ ਨਿਯੁਕਤੀ ਨਿਰੋਲ ਕੰਟਰੈਕਟ ਦੇ ਆਧਾਰ ਤੇ ਹੋਵੇਗੀ ਅਤੇ ਅਧਿਕਾਰੀ ਨੂੰ ਕੋਈ ਵੀ ਹੱਕ ਨਹੀਂ ਹੋਵੇਗਾ ਕਿ ਉਹ ਆਪਣੀ ਸਰਵਿਸ ਨੂੰ ਰੈਗੂਲਰ ਸਮਝੇ।

12) ਅਧਿਕਾਰੀ ਦਾ ਕੰਮਕਾਜ ਅਤੇ ਆਚਰਣ ਤਸਲੀਬੱਖਸ਼ ਨਾ ਹੋਣ ਦੀ ਸੂਰਤ ਵਿੱਚ ਉਸ ਦਾ ਕੰਟਰੈਕਟ ਬਿਨ੍ਹਾ ਨੋਟਿਸ ਦਿੱਤੇ ਕਿਸੇ ਸਮੇਂ ਵੀ ਖਤਮ ਕੀਤਾ ਜਾ ਸਕਦਾ ਹੈ।

13) ਇਸ ਆਸਾਮੀ ਤੇ ਨਿਯੁਕਤ ਅਧਿਕਾਰੀ ਪਾਸੋਂ ਪੱਨਬੱਸ ਦੀ ਉਸਾਰੀ ਸ਼ਾਖਾ, ਮੁੱਖ ਦਫਤਰ (ਚੰਡੀਗੜ੍ਹ) ਵਿਖੇ ਸੇਵਾਵਾਂ ਲਈਆਂ ਜਾਣਗੀਆਂ।

14) ਇਸ ਆਸਾਮੀ ਤੇ ਨਿਯੁਕਤ ਉਮੀਦਵਾਰ, ਚੇਅਰਮੈਨ, ਪੱਨਬੱਸ ਅਤੇ ਮੈਨੇਜਿੰਗ ਡਾਇਰੈਕਟਰ, ਪੱਨਬੱਸ ਅਧੀਨ ਸਮੇਂ-ਸਮੇਂ ਸਿਰ ਜਾਰੀ ਹਦਾਇਤਾਂ/ਹੁਕਮਾਂ ਦੀ ਪਾਲਣਾ ਕਰਨ ਲਈ ਪਾਬੰਦ ਹੋਣਗੇ।

**ਮੈਨੇਜਿੰਗ ਡਾਇਰੈਕਟਰ, ਪੱਨਬੱਸ।**